# ਕਾਰਵਾਈ ਕਰਨੀ

# ਨਸਲਵਾਦ ਵਿਰੁੱਧ

ਅਲਬਰਟਾਵਾਸੀਆਂ ਨੇ ਸਾਨੂੰ ਕੀ ਦੱਸਿਆ ਹੈ ਅਤੇ ਅੱਗੇ ਕੀ ਕਰਨਾ ਹੈ

ਜੂਨ 2018

Alberta

# ਵਿਸ਼ੇਸ਼ ਜਾਣਕਾਰੀ:

# ਨਸਲਵਾਦ ਵਿਰੁੱਧ ਕਾਰਵਾਈ ਕਰਨੀ

2017 ਵਿੱਚ ਕਿਉਬਿਕ ਸਿਟੀ ਦੀ ਮਸਜਿਦ ਵਿੱਚ 6 ਮੁਸਲਮਾਨਾਂ ਦੀ ਹੱਤਿਆ ਤੋਂ ਬਾਦ, ਪ੍ਰੀਮੀਅਰ, ਅਲਬਰਟਾ ਵਿੱਚ ਨਸਲਵਾਦ ਵਿਰੁੱਧ ਕਾਰਵਾਈ ਲਈ ਵਚਨਬੱਧ ਹੋਏ। ਮੰਤਰੀ ਏਗਨ ਦੁਆਰਾ ਉਨਾਂ ਅਲਬਰਟਾਵਾਸੀਆਂ, ਜਿੰਨਾਂ ਨੇ ਨਿਜੀ ਤੌਰ ਤੇ ਨਸਲਵਾਦ ਨੂੰ ਅਨੁਭਵ ਕੀਤਾ, ਨਾਲ ਵਿਸਤਰਿਤ ਗੱਲਬਾਤ ਤੋਂ ਬਾਦ ਇਹ ਯੋਜਨਾ ਇਸ ਤਰਾਂ ਦੀ ਵਚਨਬੱਧਤਾ ਦੇ ਸਕਦੀ ਹੈ।

ਇਸ ਵਿਚਾਰ ਵਟਾਂਦਰੇ ਵਿੱਚ ਭਾਗ ਲੈਣ ਵਾਲਿਆਂ ਨੇ ਸਾਨੂੰ ਸਮੱਸਿਆਵਾਂ ਬਾਰੇ ਬਹੁਤ ਕੁਝ ਦੱਸਿਆ: ਕਿ ਕਿਸ ਤਰਾਂ ਨਸਲਵਾਦ ਕਰਕੇ ਉਨਾਂ ਨੂੰ ਚੰਗੀਆਂ ਨੌਕਰੀਆਂ ਲੈਣ ਵਿੱਚ ਸਮੱਸਿਆ ਆਉਦੀ ਹੈ ਅਤੇ ਨਸਲੀ ਭੇਦਭਾਵ ਉਨਾਂ ਦੇ ਉਦੇਸ਼ਾਂ ਨੂੰ ਪ੍ਰਭਾਵਿਤ ਕਰਦਾ ਹੈ। ਅਸੀਂ ਸੁਣਿਆ ਕਿ ਕਈ ਵਾਰੀਂ ਕਿਸੇ ਪ੍ਰੋਗਰਾਮ ਵਿੱਚ ਦਾਖਲਾ ਲੈਣਾ, ਜਾਂ ਫਿਰ ਆਪਣੇ ਹੱਕਾਂ ਬਾਰੇ ਜਾਨਣਾ ਵੀ ਕਿੰਨਾ ਮੁਸ਼ਕਿਲ ਹੋ ਜਾਂਦਾ ਹੈ। ਅਸੀਂ ਇੰਨਾਂ ਦੇ ਹੱਲ ਬਾਰੇ ਵੀ ਬਹੁਤ ਸੁਣਿਆ: ਕਿ ਕਿਸ ਤਰਾਂ ਦੂਜੇ ਸਭਿਆਚਾਰਾਂ ਦਾ ਅਨੁਭਵ ਕਰਨਾ ਉਨਾਂ ਪ੍ਰਤੀ ਸਾਡੇ ਡਰ ਨੂੰ ਘਟਾਂਉਦਾ ਹੈ, ਅਤੇ ਕਿ ਕਿਵੇਂ ਸਾਡੇ ਸਕੂਲ ਭਿੰਨਤਾ ਪ੍ਰਤੀ ਸਤੀਕਾਰ ਭਰੇ ਨਜ਼ਰੀਏ ਨੂੰ ਅਪਨਾਉਣ ਵਿੱਚ ਹੋਰ ਵਧੀਆ ਕੰਮ ਕਰ ਸਕਦੇ ਹਨ। ਹੋਰ ਸ਼ਲਾਘਾਯੋਗ ਗੱਲ ਜੋ ਅਸੀਂ ਸੁਣੀ, ਕਿ ਕਿਵੇਂ ਲੋਕ ਸਹੀ ਨਿਰਣੇ ਸਥਾਪਿਤ ਕਰਨ ਵਿੱਚ ਆਪਣੇ ਨਿਜੀ ਅਨੁਭਵਾਂ ਤੋਂ ਪ੍ਰਾਪਤ ਸੂਝ ਬੂਝ ਨਾਲ ਸਹਾਇਤਾ ਕਰਨ ਦੇ ਇਛੁੱਕ ਹਨ।

ਇਹ ਰਿਪੋਰਟ ਜੋ ਵੀ ਚੰਗਾ ਜਾਂ ਮਾੜਾ ਅਸੀਂ ਸੁਣਿਆ ਹੈ, ਬਾਰੇ ਪ੍ਰਤੀਕਿਰਿਆ ਦਿੰਦੀ ਹੈ। ਇਹ ਇਸ ਗੱਲ ਦਾ ਪ੍ਰਗਟਾਵਾ ਵੀ ਕਰਦੀ ਹੈ ਕੀ ਹੁਣ ਅਸੀਂ ਕੌਣ ਹਾਂ: ਸੂਬਾ ਬਹੁਤ ਤੇਜ਼ੀ ਨਾਲ ਵਿਭਿੰਨ ਹੁੰਦਾ ਜਾ ਰਿਹਾ ਹੈ; ਸਭ ਤੋਂ ਮੌਜੂਦਾ ਸੈਂਸਜ਼( ਜਨ ਗਣਨਾ) ਅਨੁਸਾਰ ਕਨੇਡਾ ਤੋਂ ਵੀ ਵਧੇਰੇ ਵਿਭਿੰਨ। ਇਹ ਨਸਲਵਾਦ ਵਿਰੁੱਧ ਖੜੇ ਹੋ ਕੇ ਇਸ ਸਥਾਨ ਨੂੰ ਹੋਰ ਸੁਆਗਤੀ ਬਨਾਉਣ ਦੀ ਲੋੜ ਤੇ ਜੋਰ ਦਿੰਦਾ ਹੈ।

ਸਾਡੀ ਯੋਜਨਾ ਦਾ ਕੇਂਦਰ ਇਸ ਤਰਾਂ ਹੈ। ਦੋ ਚੀਜਾਂ ਹੁਣੇ ਲਾਗੂ ਕੀਤੀਆਂ ਜਾਣਗੀਆਂ, ਤਾਂ ਕਿ ਉਨਾਂ ਦੀ ਸੂਝ ਅਤੇ ਅਗਵਾਈ,ਜੋ ਆਪ ਸਿਧੇ ਤੌਰ ਤੇ ਨਸਲਵਾਦ ਦਾ ਅਨੁਭਵ ਕਰ ਚੁੱਕੇ ਹਨ, ਦਾ ਲਾਭ ਲੈ ਸਕੀਏ। ਚੇਤੇ ਦਿਵਾਉਣ ਲਈ, ਅਸੀਂ ਲਗਾਤਾਰ ਅਲਬਰਟਾਵਾਸੀਆਂ ਨਾਲ ਸੰਪਰਕ ਵਿੱਚ ਰਹਾਂਗੇ, ਯਕੀਨੀ ਬਨਾਉਣ ਲਈ ਕਿ ਅਸੀਂ ਸਹੀ ਰਾਹ ਤੇ ਚੱਲ ਰਹੇ ਹਾਂ।

ਅਸੀਂ ਇੱਕਦਮ ਦੋ ਚੀਜ਼ਾਂ ਕਰਾਂਗੇ, ਤਾਂ ਕਿ ਸਾਡਾ ਕੰਮ ਉਨਾਂ ਲੋਕਾਂ ਦੁਆਰਾ ਸੂਚਿਤ ਕੀਤਾ ਜਾਵੇ ਜੋ ਖੁਦ ਨਸਲਵਾਦ ਦਾ ਅਨੁਭਵ ਕਰ ਚੁੱਕੇ ਹਨ, ਅਤੇ ਤਾਂ ਕਿ ਭਾਈਚਾਰਕ ਸੱਤਰ ਤੇ ਹੀ ਛੋਟੇ ਗਰੁਪਾਂ ਨੂੰ ਫੰਡ ਕਰਕੇ ਨਸਲਵਾਦ ਨੂੰ ਸਿੱਧੇ ਤੌਰ ਤੇ ਨਜਿੱਠ ਸਕੀਏ:

- **ਇੱਕ ਨਸਲਵਾਦ ਵਿਰੋਧੀ ਐਡਵਾਈਜ਼ਰੀ ਕਾਂਉਸਲ ਦੀ ਸਥਾਪਨਾ:** ਅਸੀਂ ਚਾਹੁੰਦੇ ਹਾਂ ਕਿ ਨਸਲਵਾਦ ਤੋਂ ਸਭਤੋਂ ਜ਼ਿਆਦਾ ਪ੍ਰਭਾਵਿਤ ਲੋਕ ਸਾਡੇ ਕੰਮ ਦੀ ਅਗਵਾਈ ਕਰਨ, ਤਾਂ ਅਸੀਂ ਇੱਸ ਕਾਂਉਸਲ ਦੀ ਸਥਾਪਨਾ ਕਰਕੇ ਪੱਖਪਾਤ ਨੂੰ ਨਜਿਠੱਣ ਦੇ ਤਰੀਕੇ ਉਲੀਕਾਂਗੇ। ਇਹ ਅਲਬਰਟਾ ਵਿੱਚ ਨਸਲਵਾਦ ਦੇ ਵਿਰੁੱਧ ਲੜਨ ਵਾਲੀ ਪਹਿਲੀ ਸਰਕਾਰੀ ਸੰਸਥਾ ਹੋਵੇਗੀ, ਜਿਸਦੇ ਮੈਂਬਰ ਵੱਖੋ ਵੱਖਰੇ ਨਸਲੀ ਅਤੇ ਭਾਈਚਾਰਕ ਪਿਛੋਕੜ ਅਤੇ ਆਦੀਵਾਸੀ ਕਬੀਲਿਆਂ ਨਾਲ ਸਬੰਧਿਤ ਹੋਣਗੇ। ਅਸੀਂ ਆਦੀਵਾਸੀ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਾਂਗੇ ਇਹ ਜਾਨਣ ਲਈ ਕਿ ਲਗਾਤਾਰ ਰਾਸ਼ਟਰ ਤੋਂ ਰਾਸ਼ਟਰ ਰਿਸ਼ਤਿਆਂ ਦੌਰਾਨ ਕਿਸ ਵਿਸ਼ੇਸ਼ ਰੂਪ ਵਿੱਚ ਉੱਨਾਂ ਨੇ ਨਸਲਵਾਬ ਦਾ ਸਾਮਣਾ ਕੀਤਾ।
- **ਭਾਈਚਾਰਕ ਨਸਲਵਾਦ ਵਿਰੋਧੀ ਗ੍ਰਾਂਟ ਪ੍ਰੋਗਰਾਮ ਸ਼ੁਰੂ ਕਰਨਾ:** ਪੂਰੇ ਅਲਬਰਟਾ ਵਿੱਚ ਛੋਟੇ ਗਰੁੱਪ ਨਸਲਵਾਦ ਵਿਰੁੱਧ ਲੜਾਈ ਵਿੱਚ ਬਹੁਤ ਵਧੀਆ ਕੰਮ ਕਰ ਰਹੇ ਹਨ। ਅਸੀਂ ਨਸਲਵਾਦ ਦੇ ਖਾਤਮੇ ਲਈ ਭਾਈਚਾਰਕ ਉਦਮਾਂ ਨੂੰ ਗਾਂਟ ਪ੍ਰੋਗਰਾਮਾਂ ਰਾਹੀਂ ਫੰਡ ਕਰਕੇ ਹੋਰ ਵਧੀਆ ਕਰਨ ਵਿੱਚ ਸਹਾਇਤਾ ਕਰਾਂਗੇ। ਇਸ ਨਾਲ ਜੜੋਂ ਜਿੱਥੇ ਲੋਕ ਰਹਿੰਦੇ, ਕੰਮ ਅਤੇ ਸਿੱਖਿਆ ਪ੍ਰਾਪਤ ਕਰਦੇ ਹਨ ਵਿੱਚ ਰੁਕਾਵਟਾਂ ਦੂਰ ਕਰਨ ਵਿੱਚ ਮਦਦ ਮਿਲੇਗੀ। ਗ੍ਰਾਂਟਾਂ, ਵਧੀਆ ਟ੍ਰੇਨਿੰਗ ਅਤੇ ਸਹਾਇਤਾ ਸੇਵਾਵਾਂ ਨੂੰ ਧੰਨ ਮੁਹੱਈਆ ਕਰਨਗੀਆਂ ਅਤੇ ਆਦੀਵਾਸੀ ਲੋਕਾਂ ਦੇ ਅਗਵਾਈ ਗਰੁਪਾਂ ਲਈ ਵੀ ਇੱਕ ਸਮਰਪਿਤ ਫੰਡਿੰਗ ਹੋਵੇਗੀ।

ਇਹ ਯਕੀਨੀ ਬਨਾਉਣ ਲਈ ਕਿ ਅਸੀਂ ਸਹੀ ਰਾਹ ਤੇ ਹਾਂ, ਲਈ ਅਗਲੇਰੇ ਸੰਪਰਕ ਲਈ ਜਿੰਨਾਂ ਚੀਜ਼ਾਂ ਦੀ ਲੋੜ ਹੈ:

- **ਵਿਦੇਸ਼ੀ ਯੋਗਤਾ ਮਾਨਤਾ ਫੰਡ ਸ਼ੁਰੂ ਕਰਨਾ:** ਅਸੀਂ ਰੈਗੂਲੇਟਰੀ ਵਿਭਾਗ ਨਾਲ ਨਵੇਂ ਤਰੀਕਿਆਂ ਨੂੰ ਵਿਕਸਿਤ ਕਰਾਂਗੇ ਜਿਹੜੇ ਹੁਨਰ ਅਤੇ ਅਨੁਭਵ ਨੂੰ ਮਾਪ ਸਕਣ, ਨਾਂ ਸਿਰਫ ਸਰਟੀਫਿਕੇਟਾਂ ਲਈ ਸਗੋਂ ਇਹ ਵੀ ਯਕੀਨੀ ਬਨਾਉਣ ਕਿ ਇੰਮੀਗਰੈਂਟਸ ਇਸ ਵਿਚਲੀਆਂ ਤਬਦੀਲੀਆਂ ਬਾਰੇ ਜਾਂ ਕੇ ਇੱਥੇ ਕੰਮ ਲੈਣ ਲਈ ਆਪਣੇ ਆਪ ਨੂੰ ਵਧੀਆ ਤਰੀਕੇ ਨਾਲ ਤਿਆਰ ਕਰ ਸਕਣ।
- **ਕਰੀਅਰ ਸਿੱਖਲਾਈ ਪ੍ਰੋਗਰਾਮਾਂ ਦਾ ਛੋਟੇ ਸ਼ਹਿਰਾਂ ਤੱਕ ਵਿਸਥਾਰ ਕਰਨਾ:** ਨਵੇਂ ਇੰਮੀਗਰੈਂਟ ਜ਼ਿਆਦਾਤਰ ਛੋਟੇ ਭਾਈਚਾਰਿਆਂ ਵਿੱਚ ਵਸਦੇ ਹਨ, ਪਰ ਮੌਜੂਦਾ ਕਰੀਅਰ ਸਿੱਖਲਾਈ ਪ੍ਰੋਗਰਾਮ ਮੁੱਖ ਤੌਰ ਤੇ ਕੈਲਗਰੀ ਅਤੇ ਐਡਮਿੰਟਨ ਵਿੱਚ ਹਨ। ਅਸੀਂ ਇੰਨਾਂ ਪ੍ਰੋਗਰਾਮਾਂ ਨੂੰ ਛੋਟੇ ਸ਼ਹਿਰਾਂ ਵਿੱਚ ਮੌਜੂਦ ਕਰਾਵਾਂਗੇ। ਅਸੀਂ ਇੱਕ ਪਾਈਲੈਟ ਪ੍ਰੋਜੈਕਟ ਕਰਾਂਗੇ, ਉਨਾਂ ਕੰਮਾਂ ਨੂੰ ਸ਼ਾਮਿਲ ਕਰਕੇ ਜਿੰਨਾਂ ਵਿੱਚ ਬਹੁ ਗਿਣਤੀ ਲੋਕ ਅੰਤਰ ਰਾਸ਼ਟਰੀ ਪੱਧਰ ਤੇ ਟ੍ਰੇਂਡ ਹਨ ਪਰੰਤੂ ਲਾਇਸੈਂਸ ਲੈਣ ਤੋਂ ਅਸਮਰਥ ਹਨ,ਉੱਨਾਂ ਦੀ ਵਧੀਆ ਕੰਮਾਂ ਦੀ ਚੋਣ ਕਰਨ ਵਿੱਚ ਸਹਾਇਤਾ ਕਰਾਂਗੇ।
- **ਸੂਬਾਈ ਨਫਰਤ ਕਾਰਨ ਅਪਰਾਧ(ਹੇਟ ਕ੍ਰਾਈਮ) ਯੂਨਿਟ ਬਨਾਉਣਾ:** ਇਹ ਯੂਨਿਟ ਪੁਲਿਸ ਅਤੇ ਕਾਨੂੰਨ ਲਾਗੂ ਕਰਨ, ਕ੍ਰਾਊਨ ਪ੍ਰੌਸੀਕਿਊਟਰਸ ਸਮੇਤ, ਨਸਲੀ ਅਪਰਾਧਾਂ ਨਾਲ ਲੜਨ ਲਈ ਪ੍ਰਾਪਤ ਕੀਤੀ ਵਿਸ਼ੇਸ਼ ਸਿਖਲਾਈ ਨੂੰ ਬਿਹਤਰ ਬਣਾਉਣ ਲਈ ਵੀ ਕੰਮ ਕਰੇਗਾ।
- **ਅਲਬਰਟਾ ਨਫਰਤ ਕਾਰਨ ਅਪਰਾਧ(ਹੇਟ ਕ੍ਰਾਈਮ) ਕਮੇਟੀ ਨੂੰ ਫੰਡਿੰਗ:** ਇਹ ਮੌਜੂਦਾ ਭਾਈਚਾਰੇ ਤੇ ਅਧਾਰਿਤ ਕਮੇਟੀ ਕਾਨੂੰਨ ਲਾਗੂ ਕਰਨ ਵਾਲੇ, ਬੁੱਧੀਜੀਵੀ, ਸਰਕਾਰ ਅਤੇ ਵਲੰਟੀਅਰਾਂ ਨੂੰ ਨਫਰਤ ਕਾਰਨ ਅਪਰਾਧਾਂ(ਹੇਟ ਕ੍ਰਾਈਮ) ਨੂੰ ਖਤਮ ਕਰਨ ਲਈ ਇਕੱਠਾ ਕਰਦੀ ਹੈ। ਅਸੀਂ ਇੰਨਾਂ ਦੇ ਬੇਸ਼ ਕੀਮਤੀ ਕੰਮ ਨੂੰ ਵਧਾਉਣ ਅਤੇ ਹੋਰ ਅਲਬਰਟਾਵਾਸੀਆਂ ਨੂੰ ਸ਼ਾਮਿਲ ਕਰਨ ਵਿੱਚ ਮੱਦਦ ਲਈ ਫੰਡਿੰਗ ਕਰਾਂਗੇ।
- **ਨਸਲਵਾਦ ਦੀ ਲੜਾਈ ਤੇ ਕੇਂਦ੍ਰਿਤ ਸਮੱਗਰੀ ਨੂੰ ਸ਼ਾਮਲ ਕਰਨ ਲਈ ਸਿਲੇਬਸ ਨੂੰ ਅਪਡੇਟ ਕਰਨਾ:** ਅਸੀਂ ਸਿਖਿਆ ਸ਼ਾਸਤਰੀਆਂ ਦਾ ਵਿਭਿੰਨਤਾ ਨੂੰ ਬਿਹਤਰ ਤਰੀਕੇ ਨਾਲ ਸਮਝਾਉਣ ਅਤੇ ਇਸਦਾ ਸਤਿਕਾਰ ਸਬੰਧੀ, ਅਤੇ ਨਸਲਵਾਦ ਬਾਰੇ ਕਿਵੇਂ ਪੜਾਉਣ, ਲਈ ਮੱਦਦ ਵਿੱਚ ਸਹਿਯੋਗ ਕਰਾਂਗੇ। ਮੌਜੂਦਾ ਸਿਲੇਬਸ ਵਿੱਚ ਨਸਲਵਾਦ ਵਿਰੁੱਧ ਲੜਾਈ ਲਈ ਕਈ ਤਰੀਕੇ ਸ਼ਾਮਿਲ ਕੀਤੇ ਗਏ ਹਨ। ਇੱਕ ਨਵਾਂ ਸਿਲੇਬਸ ਬਣ ਰਿਹਾ ਹੈ, ਜੋ ਹਰੇਕ ਜਮਾਤ ਵਿੱਚ, ਅਤੇ ਬਹੁਤ ਸਾਰੇ ਵਿਸ਼ਿਆਂ ਵਿੱਚ ਨਸਲਵਾਦ ਵਿਰੁੱਧ ਲੜਨ ਅਤੇ ਭਿੰਨਤਾ ਦਾ ਸਤਿਕਾਰ ਕਰਨ ਬਾਰੇ ਸਾਡੀ ਗੰਭੀਰਤਾ ਦੀ ਪੁਸ਼ਟੀ ਕਰੇਗਾ।
- **ਵਿਦੀਆਰਥੀਆਂ ਦੇ ਸਿੱਖਣ ਲਈ ਭਾਸ਼ਾਵਾਂ ਦੀ ਗਿਣਤੀ ਨੂੰ ਵਧਾਉਣਾ:** ਅਸੀਂ ਮੌਜੂਦਾ ਸਮੇਂ ਵਿੱਚ ਸਿਖਿੱਆ ਦੇ ਪ੍ਰਮੁੱਖ ਵਿਸ਼ਿਆਂ ਗਣਿਤ ਅਤੇ ਵਿਗਿਆਨ ਨੂੰ 8 ਅੰਤਰ ਰਾਸ਼ਟਰੀ ਭਾਸ਼ਾਵਾਂ ਵਿੱਚ ਪ੍ਰਦਾਨ ਕਰ ਰਹੇ ਹਾਂ। ਅਸੀਂ ਇਸਨੂੰ 10 ਭਾਸ਼ਾਵਾਂ ਤੱਕ ਵਧਾਵਾਂਗੇ।
- **ਇਸ ਗੱਲ ਨੂੰ ਯਕੀਨੀ ਬਨਾਉਣਾ ਕਿ ਅਲਬਰਟਾਵਾਸੀ ਆਪਣੇ ਹੱਕਾਂ ਨੂੰ ਜਾਣ ਸਕਣ:** ਜਲਦ ਹੀ ਇੱਕ ਨਵੇਂ ਮਨੁੱਖੀ ਅਧਿਕਾਰ ਕਮਿਸ਼ਨਰ ਦੀ ਨਿਯੁਕਤੀ ਹੋਵੇਗੀ। ਅਸੀਂ ਉਨਾਂ ਨਾਲ ਮਿਲ ਕੇ ਇਹ ਯਕੀਨੀ ਬਣਾਵਾਂਗੇ ਕਿ ਕਮਿਸ਼ਨ ਦੇ ਸਿਖਿਆ ਅਤੇ ਨੀਤੀਆਂ ਦੇ ਅਧਿਕਾਰ ਅਲਬਰਟਾਵਾਸੀਆਂ ਨੂੰ ਉਨਾਂ ਦੇ ਹੱਕਾਂ ਨੂੰ ਜਾਨਣ ਅਤੇ ਸਮਝਣ ਲਈ ਅਸਰਦਾਰ ਹੋਣ, ਅਤੇ ਉਨਾਂ ਨੂੰ ਨਸਲੀ ਪੱਖਪਾਤ ਸਹਿਣ ਤੋਂ ਬਾਦ ਸਹਾਇਤਾ ਮਿਲੇ।
- **ਪੱਖਪਾਤ ਵਿਰੋਧੀ ਸਾਧਨਾਂ ਤੱਕ ਅਲਬਰਟਾਵਾਸੀਆਂ ਦੀ ਪਹੁੰਚ ਨੂੰ ਸੌਖਾ ਬਨਾਉਣਾ:** ਇਹ ਪੱਕਾ ਕਰਨ ਲਈ ਕਿ ਨਸਲਵਾਦ ਦਾ ਸਾਮਣਾ ਕਰਦੇ ਅਲਬਰਟਾਵਾਸੀਆਂ ਨੂੰ ਲੋੜ ਪੈਣ ਤੇ ਅਸਾਨੀ ਨਾਲ ਸਹਾਇਤਾ ਮਿਲੇ, ਅਤੇ ਉਹ ਪੱਖਪਾਤ ਵਿਰੋਧੀ ਸਲਾਹਕਾਰ ਕਮਿਸ਼ਨ ਨਾਲ ਅਸਾਨੀ ਨਾਲ ਸੰਪਰਕ ਕਰ ਸਕਣ ਲਈ ਇਕ ਨਵੀਂ ਫੋਨ ਲਾਈਨ ਸਥਾਪਿਤ ਕੀਤੀ ਗਈ ਹੈ। ਇਸ ਦੀ ਬਹੁ ਭਾਸ਼ਾਈ ਸਮਰਥਾ ਸਾਰੇ ਭਾਈਚਾਰਿਆਂ ਨੂੰ ਸਹਾਇਤਾ ਯਕੀਨੀ ਬਣਾਵੇਗੀ।

- **ਅਲਬਰਟਾ ਨੂੰ ਇੱਕ ਸਰਕਾਰ ਦੀ ਤਰਾਂ ਵਿਖਾਉਣਾ:** ਅਸੀਂ ਨਿਯੁਕਤੀ ਪ੍ਰਕਿਰਿਆਵਾਂ ਵਿੱਚ ਪੱਖਪਾਤ ਨੂੰ ਖਤਮ ਕਰ ਰਹੇ ਹਾਂ, ਅਤੇ ਸਰਕਾਰੀ ਕਰਮਚਾਰੀਆਂ ਨੂੰ ਖਾਸ ਭਿੰਨਤਾ ਤੋਂ ਜਾਗਰੂਕਤਾ ਦੀ ਟ੍ਰੇਨਿੰਗ ਦੇ ਰਹੇ ਹਾਂ। ਰੁਜ਼ਗਾਰਦਾਤਾ ਦੇ ਤੌਰ ਤੇ ਅਸੀਂ ਨਿਯੁਕਤੀ ਦੇ ਨਿਰਪੱਖ ਤਰੀਕੇ ਲੱਭ ਰਹੇ ਹਾਂ ਅਤੇ ਆਪਣੇ ਕਰਮਚਾਰੀਆਂ ਦੁਆਰਾ ਅਲਬਰਟਾ ਦੀ ਭਿੰਨਤਾ ਨੂੰ ਸਲਾਹੁਣ ਵਿੱਚ ਮੱਦਦ ਕਰ ਰਹੇ ਹਾਂ। ਅਸੀਂ ਚੰਦੇ ਰਾਹੀਂ ਫੰਡ ਇਕੱਠੇ ਕਰ ਕੇ ਉਨਾਂ ਦੀ ਸਮਾਨ ਵੰਡ ਲਈ ਵੀ ਕੰਮ ਕਰਾਂਗੇ।
- **ਵਿਭਿੰਨਤਾ ਦਾ ਜਸ਼ਨ ਮਨਾਉਣਾ:** ਸਰਕਾਰ ਪਹਿਲਾਂ ਹੀ ਮਹੱਤਵਪੂਰਣ ਸਭਿਆਚਾਰਕ ਸਮਾਗਮਾਂ ਦਾ ਸਵੀਕਾਰ ਵੀ ਕਰਦੀ ਹੈ ਅਤੇ ਮਨਾਉਦੀ ਵੀ ਹੈ। ਪਰੰਤੂ ਅਜੇ ਵੀ ਹੋਰ ਅਲੱਗ ਅਲੱਗ ਤਰੀਕਿਆਂ ਨਾਲ ਅਸੀਂ ਵਧੇਰੇ ਲੋਕਾਂ ਨੂੰ ਵਿਭਿੰਨਤਾ ਦੇ ਲਾਭ ਅਤੇ ਵੱਖੋ ਵੱਖਰੇ ਸਭਿਆਚਾਰਾਂ ਬਾਰੇ ਦੱਸ ਸਕਦੇ ਹਾਂ। ਅਸੀਂ ਜਲਦ ਹੀ ਅਲਬਰਟਾਵਾਸੀਆਂ ਤੋਂ ਸਲਾਹ ਲਵਾਂਗੇ ਕਿ ਕਿਵੇਂ ਵੱਖਰੇਵੇਂ ਬਾਰੇ ਹੋਰ ਜਾਣ ਕੇ ਇਸਦਾ ਜਸ਼ਨ ਮਨਾਇਆ ਜਾ ਸਕਦਾ ਹੈ।


ਅਸੀਂ ਅਲਬਰਟਾਵਾਸੀਆਂ ਨੂੰ ਸੁਨਣ ਲਈ ਵਚਨਬੱਧ ਹਾਂ ਕਿਉਂਕਿ ਨਸਲਵਾਦ ਵਿਰੋਧੀ ਯੋਜਨਾ ਤੇ ਕਾਰਵਾਈ ਲਾਗੂ ਹੋ ਚੁੱਕੀ ਹੈ, ਬਾਰੇ ਜਾਨਣ ਲਈ ਕਿ ਅਸੀਂ ਠੀਕ ਕਰ ਰਹੇ ਹਾਂ। ਅਸੀਂ ਕੁਝ ਮਾਪਣਯੋਗ ਨਤੀਜਿਆਂ ਬਾਰੇ ਦੱਸਾਂਗੇ ਤਾਂ ਜੋ ਅਲਬਰਟਾਵਾਸੀ ਸਾਡੀ ਪ੍ਰਗਤੀ ਮਾਪ ਸਕਣ, ਅਤੇ ਸਾਡੇ ਦੁਆਰਾ ਸੂਬੇ ਦੇ ਵਿਕਾਸ ਅਤੇ ਤਬਦੀਲੀ ਲਈ ਅਪਨਾਈ ਗਈ ਯੋਜਨਾ ਤੇ ਨਜ਼ਰ ਰੱਖਣ।

# ਜਾਣ ਪਛਾਣ

ਅਲਬਰਟਾ ਦੀ ਜੰਨਸੰਖਿਆ ਹਰ ਵੇਲੇ ਬਦਲ ਰਹੀ ਹੈ। ਅਸੀਂ ਇੱਕ ਵਿਭਿੰਨ ਸੂਬਾ ਹਾਂ, ਅਤੇ ਹਰ ਰੋਜ਼ ਹੋਰ ਵਿਭਿੰਨ ਹੁੰਦੇ ਜਾ ਰਹੇ ਹਾਂ। ਇਹ ਅੰਕੜਿਆਂ ਰਾਹੀਂ, ਅਤੇ ਅਲਬਰਟਾ ਨੂੰ ਘਰ ਕਹਿਣ ਵਾਲੇ ਲੋਕਾਂ ਦੇ ਅਨੁਭਵਾਂ ਤੋਂ ਝਲਕਦਾ ਹੈ।

ਅੰਕੜੇ ਪਹਿਲਾਂ: ਪਿਛਲੇ 20 ਸਾਲਾਂ ਦੇ ਜੰਨਗਣਣਾ ਅੰਕੜੇ ਵਿਖਾਂਉਦੇ ਹਨ ਕਿ ਵੱਖਰੇ ਨਸਲੀ ਪਿਛੋਕੜ ਦੇ ਅਲਬਰਟੀਵਾਸੀਆਂ ਦੀ ਗਿਣਤੀ ਦੁੱਗਣੇ ਤੋਂ ਵੱਧ ਹੋਈ ਹੈ। 1996 ਵਿੱਚ ਇਹ 10 ਵਿੱਚੋਂ 1 ਸੀ। ਅੱਜ, ਇਹ ਲੱਗਭੱਗ 4 ਵਿੱਚੋਂ 1 ਹੈ। ਇਹ ਵਾਧਾ ਲੱਗਭੱਗ 245% ਹੈ, ਜਦੋਂ ਕਿ ਕੁਲ ਜੰਨਸੰਖਿਆ ਵਿੱਚ ਵਾਧਾ 50%1 ਸੀ।

## ਅਲਬਰਟਾ ਵਿੱਚ ਨਸਲੀ ਭਿੰਨਤਾ ਵੱਧ ਰਹੀ ਹੈ।




ਅਸੀਂ ਆਦੀਵਾਸੀ ਜੰਨਸੰਖਿਆ ਦੇ ਵਾਧੇ ਕਰਕੇ ਵੀ ਹੋਰ ਵਿਭਿੰਨ ਹੁੰਦੇ ਜਾ ਰਹੇ ਹਾਂ, ਜਿਹੜੀ ਕਿ ਸਧਾਰਨ ਜੰਨਸੰਖਿਆ ਦੇ ਮੁਕਾਬਲੇ 50% ਤੇਜ਼ੀ ਨਾਲ ਵੱਧੀ ਹੈ। ਆਦੀਵਾਸੀ ਜੰਨਸੰਖਿਆ ਜਵਾਨ ਹੈ- ਅਲਬਰਟਾ ਦੀ ਕੁਲ 258,000 ਆਦੀਵਾਸੀ ਜੰਨਸੰਖਿਆ ਦਾ ਲੱਗਭੱਗ ਅੱਧਾ 25 ਸਾਲ ਤੋਂ ਘੱਟ ਹੈ, ਜਿਹੜੀ ਸਧਾਰਨ ਜੰਨਸੰਖਿਆ ਦੇ ਮੁਕਾਬਲੇ 30% ਹੈ।

ਅਸੀਂ ਇੱਕ ਸਵਾਗਤ ਅਤੇ ਸਤਿਕਾਰ ਕਰਨ ਵਾਲਾ ਸਥਾਨ ਹਾਂ। ਸਾਡੇ ਸੱਭ ਤੋਂ ਵੱਡੇ ਸ਼ਹਿਰ ਕੈਲਗਰੀ ਨੇ ਕਨੇਡਾ ਦਾ ਪਹਿਲਾ ਮੁਸਲਿਮ ਮੇਅਰ ਚੁਣਿਆ। ਸਾਡੀ ਵਿਧਾਨਸਭਾ ਬਹੁਤ ਤੇਜ਼ੀ ਨਾਲ ਉਨਾਂ ਲੋਕਾਂ ਨੂੰ ਦਿਖਾਂਉਦੀ ਹੈ ਜੋ ਅਲਬਰਟਾ ਨੂੰ ਆਪਣਾ ਘਰ ਕਹਿੰਦੇ ਹਨ। ਪਰੰਤੂ ਕੁਝ ਚਿੰਨ ਇਹ ਦੱਸਦੇ ਹਨ ਕਿ ਸਭ ਠੀਕ ਨਹੀਂ ਹੈ।

ਇਹ ਕੁਝ ਅੰਕੜਿਆਂ ਵਿੱਚ ਵੀ ਵੇਖੇ ਜਾ ਸਕਦੇ ਹਨ। 2016 ਵਿੱਚ ਨਸਲੀ ਘੱਟ ਗਿਣਤੀ ਲੋਕਾਂ ਵਿਰੁੱਧ 88 ਨਫਰਤ ਕਾਰਨ ਅਪਰਾਧ ਅਲਬਰਟਾ ਪੁਲਿਸ ਵਿੱਚ ਦਰਜ ਕਰਵਾਏ ਗਏ, ਅਤੇ 25 ਹੋਰ ਨਫਰਤ ਕਾਰਨ ਅਪਰਾਧ, ਧਰਮ ਦੇ ਅਧਾਰ ਤੇ ਖਾਸ ਕਰਕੇ ਜਿਉ2 ਅਤੇ ਮੁਸਲਮਾਨਾਂ ਨਾਲ ਵਾਪਰੇ। ਜਾਂ ਫਿਰ ਇੰਦਾਂ ਕਹਿ ਲਓ ਕਿ ਪੁਲਿਸ ਦੁਆਰਾ 3 ਦਿਨਾਂ ਵਿੱਚ 1 ਨਫਰਤ ਕਾਰਨ ਅਪਰਾਧ ਦਰਜ ਕੀਤਾ ਗਿਆ। ਅਲਬਰਟਾ ਮਨੁੱਖੀ ਅਧਿਕਾਰ ਕਮਿਸ਼ਨ ਵੀ ਘਟਨਾਵਾਂ ਦੇ ਵੱਧਦੇ ਬੋਝ ਨੂੰ ਵੇਖ ਰਿਹਾ ਹੈ, ਅਤੇ ਹਰ ਰੋਜ਼ ਨਸਲੀ ਜਾਂ ਧਾਰਮਿਕ ਪੱਖਪਾਤ3 ਨਾਲ ਸਬੰਧਿਤ ਇੱਕ ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਕਰਦੇ ਹਨ।

1 ਸ੍ਰੋਤ: ਸਟੈਟਿਸਟਿਕਸ ਕਨੇਡਾ ਮਰਦਮਸ਼ੁਮਾਰੀਆਂ, 1996-2016

2 ਸ੍ਰੋਤ: ਸਟੈਟਿਸਟਿਕਸ ਕਨੇਡਾ,"2016 ਵਿੱਚ ਪੁਲਿਸ ਕੋਲ ਦਰਜ ਨਫਰਤ ਕਾਰਨ ਅਪਰਾਧ

3 https://www.albertahumanrights.ab.ca/about/statistics/Pages/grounds.asp

ਅੰਕੜੇ ਭਾਵੇਂ ਸਾਰੀ ਕਹਾਣੀ ਨਹੀਂ ਦੱਸਦੇ। ਇੱਕ ਚਾਰਟ ਸਾਨੂੰ ਦੱਸਦਾ ਹੈ ਕਿ ਅਸੀਂ ਨੇ ਭਿੰਨ ਹਾਂ, ਪਰੰਤੂ ਇਹ ਸਭ ਤੋਂ ਵਧੀਆ ਅੱਜ ਦੇ ਅਲਬਰਟਾ ਨਾਲ ਗੱਲ ਕਰਕੇ ਮਹਿਸੂਸ ਕੀਤਾ ਜਾਂਦਾ ਹੈ, ਅਤੇ ਹੋਰ ਜ਼ਰੂਰੀ ਗੱਲ, ਉੱਨਾਂ ਲੋਕਾਂ ਨੂੰ ਸੁਨਣਾ, ਜੋ ਅੱਜ ਦਾ ਅਲਬਰਟਾ ਹੈ, ਨੂੰ ਬਣਾਂਉਦੇ ਹਨ।

ਮੰਤਰੀ ਏਗਨ ਨੇ ਆਪਣੇ ਵਿਚਾਰ ਵਟਾਂਦਰਿਆਂ ਵਿੱਚ ਇਹ ਹੀ ਕੀਤਾ, ਅਲਬਰਟਾਵਾਸੀਆਂ ਨਾਲ ਬੈਠ ਕੇ ਨਸਲਵਾਦ ਬਾਰੇ ਉੱਨਾਂ ਦੇ ਅਨੁਭਵਾਂ ਬਾਰੇ ਪੁੱਛਿਆ। ਕਿਵੇਂ ਮਹਿਸੂਸ ਹੁੰਦਾ ਹੈ, ਇਹ ਕਿਵੇਂ ਅਤੇ ਕਿੱਥੇ ਵਾਪਰਦਾ ਹੈ, ਅਤੇ ਸਭ ਤੋਂ ਜ਼ਰੂਰੀ ਇਹ ਕਿਓਂ ਵਾਪਰਦਾ ਹੈ।

ਕੁਲ ਮਿਲਾ ਕੇ ਉਹ 100 ਤੋਂ ਵੱਧ ਸੰਸਥਾਵਾਂ ਨੂੰ ਮਿਲੇ, ਸਮੇਤ ਆਦੀਵਾਸੀ ਲੋਕਾਂ ਦੀ ਨੁਮਾਂਇੰਦਗੀ ਕਰਦੀਆਂ ਸੰਸਥਾਵਾਂ। ਹਿੱਸਾ ਲੈਣ ਵਾਲਿਆਂ ਨੇ ਆਪਣੀਆਂ ਬਹੁਤ ਡੂੰਘੀਆਂ ਨਿਜੀ ਕਹਾਣੀਆਂ ਸਾਂਝੀਆਂ ਕੀਤੀਆਂ। ਅਸੀਂ ਸੰਸਥਾਵਾਂ ਨੂੰ ਨਾਂ ਸ਼ਾਮਿਲ ਕਰਦੇ ਹੋਏ ਲੋਕਾਂ ਤੋਂ ਹੀ ਸੁਨਣਾ ਚਾਹੁੰਦੇ ਸੀ, ਅਤੇ ਉਨਾਂ ਨੂੰ ਆਪਣੀ ਰਾਏ ਇੱਕ ਆਨਲਾਈਨ ਸਰਵੇ ਰਾਹੀਂ ਦੇਣ ਲਈ ਪੁਛਿਆ ਜਿਸਨੂੰ ਲੱਗਭੱਗ 1900 ਲੋਕਾਂ ਨੇ ਪੂਰਾ ਕੀਤਾ।

ਇੱਥੇ ਨਾਂ ਹੀ ਅਸੀਂ ਆਂਕੜਿਆਂ ਬਾਰੇ ਸੁਣਿਆ ਤੇ ਨਾਂ ਹੀ ਕੋਈ ਚਾਰਟ ਵੇਖੇ। ਸਗੋਂ ਅਸੀਂ ਅੰਕੜੇ ਦੇ ਪਿੱਛੇ ਦੀਆਂ ਕਹਾਣੀਆਂ ਨੂੰ ਸੁਣਿਆ। ਅਸੀਂ ਇੱਸ ਪੰਨ੍ਹੇ ਤੇ ਲੋਕ ਆਪਣੇ ਸ਼ਬਦਾਂ ਵਿੱਚ ਕੀ ਕਹਿੰਦੇ ਹਨ, ਕੁਝ ਉਸ ਨੂੰ ਵੀ ਛਾਪਿਆ।

ਇਹ ਉਹ ਅਨੁਭਵ ਹਨ ਜੋ ਕਿਸੇ ਨੂੰ ਪੁਲਿਸ ਕੋਲ ਨਫਰਤ ਕਾਰਨ ਅਪਰਾਧ ਦੀ ਰਿਪੋਰਟ ਲਈ ਭੇਜਦੇ ਹਨ ਜਾਂ ਉੱਨਾਂ ਨੂੰ ਮਨੁੱਖੀ ਅਧਿਕਾਰਾਂ ਲਈ ਸ਼ਿਕਾਇਤ ਲਈ ਭੇਜਦੇ ਹਨ। ਗਲਤ ਭਾਸ਼ਾ, ਤੋੜ ਫੋੜ, ਆਨਲਾਈਨ ਬਦਸਲੂਕੀ, ਅਤੇ ਕਈ ਵਾਰੀਂ ਸਰੀਰਕ ਹਿੰਸਾ ਖਿਆਲ ਵਿੱਚ ਆਉਦੀ ਹੈ, ਜਦੋਂ ਅਸੀਂ ਨਸਲਵਾਦ ਬਾਰੇ ਸੁਣਦੇ ਹਾਂ। ਇਹ ਲੋਕਾਂ ਵਿੱਚ ਕਮਜੋਰ ਹੋਣ ਦਾ, ਨਾਂ ਅਪਣਾਏ ਜਾਣ ਵਾਲੇ ਅਤੇ ਉਨਾਂ ਨੂੰ ਆਪਣੀ ਸਖਸ਼ੀਅਤ ਨੂੰ ਪਹਿਚਾਣ ਨਾਂ ਮਿਲਣ ਦਾ ਅਹਿਸਾਸ ਕਰਾਉਦੇ ਹਨ।

ਜਦੋਂ ਅਸੀਂ ਨਸਲਵਾਦ ਸ਼ਬਦ ਨੂੰ ਸੁਣਦੇ ਹਾਂ, ਤਾਂ ਸ਼ਾਇਦ ਅਸੀਂ ਆਪਣੀ ਕਾਬਲੀਅਤ ਤੋਂ ਨੀਵੀਂ ਨੌਕਰੀ ਜਾਂ ਕੋਈ ਨੌਕਰੀ ਨਾਂ ਪ੍ਰਾਪਤ ਕਰਨ ਬਾਰੇ ਨਹੀਂ ਸੋਚ ਸਕਦੇ। ਸਾਡੇ ਨਾਲ ਇਹ ਵੀ ਨਹੀਂ ਵਾਪਰਿਆ ਹੋ ਸਕਦਾ, ਕਿ ਵੱਖਰੀ ਨਸਲ ਜਾਂ ਧਰਮ ਦਾ ਹੋਣ ਕਰਕੇ ਕਿਸੇ ਨੂੰ ਇਕ ਵੱਖਰੀ ਕਿਸਮ ਦੀ ਸਿਹਤ ਸੰਭਾਲ ਮਿਲਦੀ ਹੈ, ਪਰ ਅਸੀਂ ਨਸਲਵਾਦ ਦੇ ਇਸ ਰੂਪ ਬਾਰੇ ਸੁਣਿਆ ਹੈ। ਇਸ ਵਿਚ ਕੋਈ ਲਾਗ ਲਪੇਟ ਨਹੀਂ ਹੈ। ਅਸੀਂ ਅਨੇਕਾਂ ਚੀਜ਼ਾਂ ਸੁਣੀਆਂ ਹਨ ਜਿਹੜੀਆਂ ਅਸੀਂ ਅਲਬਰਟਾ ਦਾ ਹਿੱਸਾ ਹੋਣ ਦੇ ਨਾਤੇ ਨਾਂ ਜਾਣਦੇ ਹਾਂ, ਅਤੇ ਨਾਂ ਹੀ ਪਛਾਣਨਾ ਨਹੀਂ ਚਾਹੁੰਦੇ ਹਾਂ। ਸਾਨੂੰ ਇਸ ਬਾਰੇ ਇਮਾਨਦਾਰ ਹੋਣ ਦੀ ਜ਼ਰੂਰਤ ਹੈ: ਅਸੀਂ ਸਮਾਨਤਾ ਨੂੰ ਮਹੱਤਤਾ ਦਿੰਦੇ ਹਾਂ, ਅਸੀਂ ਇੱਕ ਖੁੱਲੇ ਅਤੇ ਸੁਆਗਤ ਕਰਨ ਵਾਲੇ ਲੋਕ ਹਾਂ, ਅਤੇ ਇੱਥੇ ਨਸਲਵਾਦ ਹੈ।

ਇਹ ਬੁਰੀ ਖ਼ਬਰ ਹੈ।

**ਅਲਬਰਟਾਵਾਸੀਆਂ ਦੇ ਅਨੁਭਵ**

"ਮੈ ਇੱਕ ਰਜਿਸਟਰਡ ਨਰਸ ਹਾਂ ਅਤੇ ਮੈ 4 ਦਵਾਈਆਂ ਦੇਣੀਆਂ ਸਨ, ਜਿਸ ਨੂੰ ਲੈਣ ਤੋ ਮਰੀਜ਼ ਨੇ ਮਨਾਂ ਕਰ ਦਿੱਤਾ ਅਤੇ ਕਿਹਾ 'ਮੇਰੇ ਲਈ ਵਧੀਆ ਨਰਸ ਲਿਆਓ' ਮੇਰੀ ਦਿੱਖ ਦੇ ਅਧਾਰ ਤੇ"

- ਐਡਮਿੰਟਨ ਵਿਚਾਰ ਵਟਾਂਦਰਾ ਅਫਰੀਕਨ ਭਾਈਚਾਰੇ ਨਾਲ

ਅਸੀਂ ਹੀਜਾਬ ਪਹਿਨਣ ਵਾਲੀਆਂ ਮੁਸਲਿਮ ਔਰਤਾਂ ਨਾਲ ਸੜਕਾਂ ਤੇ ਚੀਕ ਕੇ "ਵਾਪਿਸ ਜਾਓ" ਆਦਿ ਪਰੇਸ਼ਾਨ ਕਰਨ ਦੀਆਂ ਬਹੁਤ ਕਹਾਣੀਆਂ ਸੁਣੀਆਂ ਹਨ।

ਕੈਲਗਰੀ ਫਿਲੀਪੀਨੋ ਕਮਿਊਨਿਟੀ ਨੇ ਸ਼ੇਅਰ ਕੀਤਾ ਕਿ ਮੰਤਰੀ ਈਗਨ ਨਾਲ ਮੁਲਾਕਾਤ ਤੋਂ ਇਕ ਰਾਤ ਪਹਿਲਾਂ, ਇੱਕ ਭਾਈਚਾਰਕ ਬੋਰਡ ਦੀ ਨਸਲਵਾਦੀ ਗ੍ਰੈਫਿਟੀ ਨਾਲ ਤੋੜ ਭੰਨ ਕੀਤੀ ਗਈ। ਬੋਰਡ ਉੱਤੇ ਗੈਰ-ਚਿੱਟੇ ਚਿਹਰਿਆਂ ਉੱਤੇ ਪੇਂਟ ਕੀਤਾ ਗਿਆ ਸੀ।

"ਮੈਂ ਇਕ ਸਰਕਾਰੀ ਏਜੰਸੀ ਕੋਲ ਸ਼ਿਕਾਇਤ ਕੀਤੀ ਅਤੇ ਇੰਟੇਕ ਵਰਕਰ ਨੂੰ ਇਹ ਨਹੀਂ ਪਤਾ ਸੀ ਕਿ ਮੈਟਿਸ ਦਾ ਕੀ ਮਤਲਬ ਹੈ।"

- ਕੈਲਗਰੀ ਸਲਾਹ ਮਸ਼ਵਰਾ ਆਦੀਵਾਸੀ ਸ਼ਹਿਰੀ ਕਾਂਉਸਲ ਨਾਲ

ਵਧੀਆ ਖਬਰ ਇਹ ਹੈ ਕਿ ਨਸਲਵਾਦ ਨਾਲ ਲੜਨ ਲਈ ਬਹੁਤ ਸਾਰੇ ਪੱਕੇ ਇਰਾਦੇ ਦੇ ਲੋਕ ਹਨ। ਅਸੀਂ ਸੁਣਿਆ ਹੈ, ਕਿ ਕਿਵੇਂ ਵਿਅਕਤੀ ਅਤੇ ਸੰਗਠਨ, ਅਕਸਰ ਵਾਲੰਟੀਅਰ, ਇੱਕ-ਦੂਜੇ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਸਾਡੀ ਮਦਦ ਕਰਨ ਲਈ ਵਧੀਆ ਕੰਮ ਕਰਦੇ ਹਨ।

ਉਹ ਅੰਕੜੇ ਨਹੀਂ ਵੇਖਦੇ ਅਤੇ ਉਹ ਨੰਬਰ ਦੇਖਦੇ ਹਨ, ਜੋ ਵਿਭਿੰਨਤਾ ਦਿਖਾਉਂਦੇ ਹਨ। ਉਹ ਅੰਕੜੇ ਵੇਖਦੇ ਹਨ ਅਤੇ ਜਾਣਦੇ ਹਨ ਕਿ ਹਰ ਤਰਾਂ ਦੇ ਪਿਛੋਕੜ ਦੇ ਲੋਕ ਹਨ, ਜੋ ਇਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣ ਸਕਦੇ ਹਨ, ਇਕ ਦੂਜੇ ਨੂੰ ਬਿਹਤਰ ਸਮਝ ਸਕਦੇ ਹਨ, ਅਤੇ ਵਖਰੇਵੇਂ ਦਾ ਜਸ਼ਨ ਮਨਾਉਦੇ ਹਨ-ਇਕੱਠੇ ਹੋਕੇ।

ਇਹ ਹੀ ਹਾਂ: ਐਲਬਰਟਾਵਾਸੀ ਜੋ ਨਫ਼ਰਤ ਕਾਰਨ ਅਪਰਾਧ ਨੂੰ ਰੋਕਣ ਲਈ ਕੰਮ ਕਰਦੇ ਹਨ, ਅਤੇ ਜੋ ਭਿੰਨਤਾ ਲਈ ਸਤਿਕਾਰ ਨੂੰ ਉਤਸ਼ਾਹਿਤ ਕਰਦੇ ਹਨ, ਇਸ ਲਈ, ਕਿਸੇ ਵੀ ਵਿਅਕਤੀ ਨੂੰ ਇੰਨਾਂ ਅਣਦੇਖਿਆ ਜਾਂ ਬੇਇੱਜ਼ਤ ਨਾਂ ਲਗੇ ਕਿ ਉਸਨੂੰ ਮਨੁੱਖੀ ਅਧਿਕਾਰ ਵਿੱਚ ਸ਼ਿਕਾਇਤ ਦਰਜ ਕਰਾਉਣੀ ਪਵੇ। ਉਨ੍ਹਾਂ ਦੀਆਂ ਸਫਲਤਾਵਾਂ ਕਦੇ ਵੀ ਅੰਕੜਿਆਂ ਵਿੱਚ ਨਹੀਂ ਦਿਖਣਗੀਆਂ, ਕਿਉਂਕਿ ਉਨ੍ਹਾਂ ਦੀ ਸਫਲਤਾਵਾਂ ਅਕਸਰ ਜਾਣੀਆਂ ਨਹੀਂ ਜਾਂਦੀਆਂ।

ਨਸਲਵਾਦ ਦੇ ਵਿਰੁੱਧ ਕਾਰਵਾਈ ਦੀ ਸਾਡੀ ਯੋਜਨਾ, ਅਸੀਂ ਉਮੀਦ ਕਰਦੇ ਹਾਂ, ਇਸ ਸਭ ਦਾ ਜਵਾਬ ਦਿੰਦੀ ਹੈ: ਸਾਡੀ ਵੱਧਦੀ ਵਿਭਿੰਨਤਾ ਦਾ, ਨਸਲਵਾਦ ਦੀਆਂ ਘਟਨਾਵਾਂ ਦਾ, ਅਤੇ ਖਾਸ ਕਰਕੇ ਚੰਗੇ ਵਿਚਾਰਾਂ ਅਤੇ ਅਲਬਰਟਾਸੀਆਂ ਦੁਆਰਾ ਹਰ ਕਿਸਮ ਅਤੇ ਹਰ ਰੋਜ਼ ਨਸਲਵਾਦ ਨਾਲ ਲੜਨ ਲਈ ਹੱਲ ਦਿੰਦੀ ਹੈ।

"ਮੇਰਾ ਪੁੱਤਰ, ਜੋ ਅਫਰੀਕਨ ਮੂਲ ਦਾ ਹੈ, ਓਨਟਾਰੀਓ ਵਿੱਚ ਪੈਦਾ ਹੋਇਆ ਸੀ, ਅਤੇ ਅਲਬਰਟਾ ਵੱਸ ਗਿਆ, ਜਿੱਥੇ ਉਸਨੂੰ ਕਲੰਕਿਤ ਕੀਤਾ ਗਿਆ ਅਤੇ ਈਐਸਐਲ (ਅੰਗਰੇਜ਼ੀ ਨੂੰ ਦੂਜੀ ਭਾਸ਼ਾ ਵਜੋਂ) ਕੋਰਸ ਹਾਈ ਸਕੂਲ ਵਿਚ ਕਰਨਾ ਪਿਆ ਸੀ।
ਉਸ ਸਾਰਾ ਸਮਾਂ ਕੈਨੇਡਾ ਵਿਚ ਪੜ੍ਹਿਆ ਹੈ"।
- ਕੈਲਗਰੀ ਵਿਚਾਰ ਵਟਾਂਦਰਾ
ਨਾਈਜੀਰੀਆ ਦੇ ਭਾਈਚਾਰੇ ਦੇ ਮੈਂਬਰਾਂ ਨਾਲ

"ਇੱਥੇ ਕੋਈ 'ਸਾਨੂੰ' ਅਤੇ 'ਉਹ' ਨਹੀਂ ਹੈ। ਇੱਥੇ ਸਿਰਫ਼ 'ਸਾਨੂੰ' ਹੀ ਹੈ।"
- ਐਡਮਿੰਟਨ
ਭਾਈਚਾਰਕ
ਵਿਚਾਰ ਵਟਾਂਦਰਾ